## ਆਯੁਰਵੈਦਿਕ ਪ੍ਰੋਪਰਿਟਰੀ ਮੈਡੀਸਨ

# ਥਾਈਮੋਟਸ

## 12.5 mg

INTAS

**ਉਤਪਾਦ ਬਾਰੇ ਜਾਣਕਾਰੀ**

ਥਾਈਮੋਟਸ ਵਿਸ਼ਵ ਵਿੱਚ ਪਹਿਲੀ ਵਾਰ ਇਨਟਾਸ ਰਾਹੀਂ ਵਿਕਸਿਤ ਕੀਤੀ ਸਥਾਈ, ਮਿਆਰੀ ਅਤੇ ਵਰਤੋਂ ਲਈ ਤਿਆਰ ਗੋਲੀ ਵਜੋਂ ਥਾਈਮੋਕੁਇਨੋਨ ਦਾ ਇੱਕ ਪੇਟੈਂਟਡ ਖੋਜ਼ ਸੂਤਰੀਕਰਨ ਹੈ।

ਦਮਾ, ਹਾਈਪ੍ਰਟੈਂਸ਼ਨ, ਸ਼ੂਗਰ, ਜਲਣ, ਖ਼ਾਂਸੀ, ਸਾਹ ਨਲੀ ਦੀ ਸੋਜ਼ਸ਼, ਸਿਰਦਰਦ, ਚੰਬਲ, ਬੁਖ਼ਾਰ, ਚੱਕਰ ਆਉਣਾ ਅਤੇ ਇਨਫ਼ਲੂਐਂਜਾ ਸਮੇਤ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ਼ ਕਰਨ ਲਈ ਨਿਗੈਲਾ ਸੈਟਿਵਾ ਦੀ ਵੱਖ-ਵੱਖ ਰੂਪਾਂ ਵਿੱਚ ਵਰਤੋਂ ਕੀਤੀ ਗਈ ਹੈ। ਇਸ ਦੀਆਂ ਬਹੁਤ ਸਾਰੀਆਂ ਫ਼ਾਰਮਾਕੌਲਾਜੀਕਲ ਲਾਭਕਾਰੀ ਵਿਸ਼ੇਸ਼ਤਾਵਾਂ ਨਿਗੈਲਾ ਸੈਟਿਵਾ ਵਿੱਚ ਵਧੇਰੇ ਮਾਤਰਾ ਵਿੱਚ ਮਿਲਣ ਵਾਲੇ ਯੋਗਿਕ ਥਾਈਮੋਕੁਇਨੋਨ ਵਿੱਚ ਪਾਈਆਂ ਜਾਂਦੀਆਂ ਹਨ।




ਚਿੱਤਰ: ਥਾਈਮੋਕੁਇਨੋਨ ਦੀ ਰਸਾਇਣਕ ਬਣਤਰ

**ਵਿਗਿਆਨਕ ਖੋਜ਼ਾਂ ਅਤੇ ਫ਼ਾਰਮਾਕੋਲਾਜੀਕਲ ਵਿਸ਼ੇਸ਼ਤਾਵਾਂ**

ਥਾਈਮੋਕੁਇਨੋਨ 'ਤੇ ਬਹੁਤ ਸਾਰੇ ਵਿਗਿਆਨਕ ਪ੍ਰਕਾਸ਼ਨ ਉਪਲਬਧ ਹਨ। ਹੋਰਨਾਂ ਤੋਂ ਇਲਾਵਾ ਇਸ ਦੀ ਐਂਟੀਵਾਇਰਲ, ਐਂਟੀਬੈਕਟੀਰੀਅਲ, ਐਂਟੀਆਕਸੀਡੈਂਟ, ਐਂਟੀ-ਇਨਫ਼ਲਾਮੇਟਰੀ, ਐਂਟੀਡਾਇਬਟਿਕ, ਐਂਟੀਕੈਂਸਰ ਅਤੇ ਹੈਪਾਟੋਪ੍ਰੋਟੈਕਟਿਵ ਵਿਸ਼ੇਸ਼ਤਾਵਾਂ ਲਈ ਵੀ ਜਾਂਚ ਕੀਤੀ ਗਈ ਹੈ।

**ਐਂਟੀਵਾਇਰਲ ਵਿਸ਼ੇਸ਼ਤਾਵਾਂ:**

ਥਾਈਮੋਕੁਇਨੋਨ ਨੇ ਸੰਕ੍ਰਮਿਤ ਚੂਹੇ ਦੀ ਤਿਲੀ ਅਤੇ ਜਿਗਰ ਵਿੱਚ ਮਿਉਰਾਇਨ ਸਾਈਟੋਮੈਗਾਲੋਵਾਇਰਸ (ਸੀਐਮਵੀ) ਨੂੰ ਰੋਕਣ ਬਾਰੇ ਦਰਸਾਇਆ ਹੈ। ਇਸ ਤੋਂ ਇਲਾਵਾ, ਥਾਈਮੋਕੁਇਨੋਨ ਨਾਲ ਇਲਾਜ ਨੇ ਸੈਰਮ ਇੰਟਰਫ਼ੈਰੋਨ-ਵਾਈ (ਆਈਐਫ਼ਐਨ-ਵਾਈ) ਅਤੇ ਸੀਡੀ4+ ਟੀ ਸੈਲਾਂ ਅਤੇ ਮੈਕ੍ਰੋਫ਼ੇਜ਼ਜ਼ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਸ ਨਾਲ ਹੈਪੇਟਾਇਟਸ ਸੀ ਵਾਇਰਸ (ਐਚਸੀਵੀ)-ਸੰਕ੍ਰਮਿਤ ਮਰੀਜ਼ਾਂ ਦੇ ਇਲਾਜ਼ ਵਿੱਚ ਲਹੂ ਦੇ ਲਾਲ ਸੈਲਾਂ ਦੀ ਗਿਣਤੀ ਅਤੇ ਐਂਟੀਆਕਸੀਡੈਂਟ ਗਤੀਵਿਧੀ ਵਿੱਚ ਵਾਧਾ ਹੋਇਆ ਹੈ, ਅਤੇ ਘੱਟ ਵਾਇਰਲ ਲੋਡ ਨਾਲ ਪ੍ਰੋਟੀਨ ਦੇ ਲੈਵਲ ਵਿੱਚ ਕਮੀ ਆਈ ਹੈ। ਹਾਲ ਹੀ ਵਿੱਚ, ਥਾਈਮੋਕੁਇਨੋਨ ਅਤੇ ਕਰਕੁਮਿਨ ਦੇ ਸੁਮੇਲ ਨੇ ਤੁਰਕੀਆਂ ਵਿੱਚ ਐਵੀਅਨ ਇਨਫ਼ਲੂਐਂਜਾ ਵਾਇਰਸ (ਐਚ9ਐਨ2) ਖ਼ਿਲਾਫ਼ ਇੱਕ ਤਾਲਮੇਲ ਵਾਲਾ ਪ੍ਰਭਾਵ ਦਿਖ਼ਾਇਆ ਹੈ। ਇਸ ਤੋਂ ਇਲਾਵਾ, ਇਸ ਤਾਲਮੇਲ ਨੇ ਟਰਕੀਆਂ ਦੇ ਐਂਟੀਵਾਇਰਸ ਇਮਿਊਨ ਰਿਸਪੌਂਸ ਵਿੱਚ ਵੀ ਵਾਧਾ ਕੀਤਾ ਹੈ। ਥਾਈਮੋਕੁਇਨੋਨ ਨੇ ਐਪਸਟੀਨ-ਬਾਰ ਵਾਇਰਸ (ਈਬੀਵੀ)-ਸੰਕ੍ਰਮਿਤ ਬੀ ਸੈਲਾਂ ਦੇ ਬਚਾਵ ਨੂੰ ਰੋਕਣ ਨੂੰ ਦਰਸਾਇਆ ਹੈ।

**ਐਂਟੀਬੈਕਟੀਰੀਅਲ ਪ੍ਰਭਾਵ:**

ਇਸ ਨੇ ਗਰਾਮ-ਪਾਜੇਟਿਵ ਅਤੇ ਗਰਾਮ-ਨੈਗੇਟਿਵ ਬੈਕਟੀਰੀਆ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਲਈ ਵੀ ਵਿਸ਼ਾਲ ਐਂਟੀਬੈਕਟੀਰੀਅਲ ਪ੍ਰਭਾਵਾਂ ਨੂੰ ਦਰਸਾਇਆ ਹੈ। ਗਰਾਮ-ਪਾਜੇਟਿਵ ਬੈਕਟੀਰੀਆ ਜਿਵੇਂ ਕਿ ਬੈਕੀਲੱਸ ਸੈਰੀਅਸ, ਐਸ. ਔਰਿਸ, ਅਤੇ ਐਸ. ਐਪੀਡਰਮਿਡਿਸ ਨੇ ਇਸ ਲਈ ਵਧੇਰੇ ਸੰਵੇਦਨਸ਼ੀਲਤਾ ਨੂੰ ਦਰਸਾਇਆ ਹੈ। ਇਸ ਤੋਂ ਇਲਾਵਾ, ਇਸ ਨੇ ਮੈਥੀਸਿਲਿਨ-ਰਜਿਸਟੈਂਟ ਸਟੈਫ਼ੀਲੋਕੋਕਸ (ਐਮਆਰਐਸਏ) ਲਈ ਕਿਰਿਆ ਨੂੰ ਵੀ ਦਰਸਾਇਆ ਹੈ। ਥਾਈਮੋਕੁਇਨੋਨ ਨੂੰ ਐਸ. ਔਰਿਸ, ਐਸ. ਐਪੀਡਰਮਿਡਿਸ, ਐਂਟਰੋਕੋਕਸ ਫ਼ੇਕਾਲਿਸ, ਅਤੇ ਪੀ. ਐਰੁਜਿਨੋਸਾ ਸਮੇਤ ਕੁੱਝ ਕੁ ਬੈਕਟੀਰੀਅਲ ਕਣਾਂ ਵਿੱਚ ਬਾਇਓਫ਼ਿਲਮ ਦੇ ਬਣਨ ਨੂੰ ਪ੍ਰਭਾਵਕਾਰੀ ਤਰੀਕੇ ਨਾਲ ਰੋਕਣ ਨੂੰ ਵੀ ਦਰਸਾਇਆ ਹੈ। ਥਾਈਮੋਕੁਇਨੋਨ ਦੀ ਦਵਾਈ-ਸੰਵੇਦਨਸ਼ੀਲਤਾ ਅਤੇ ਦਵਾਈ-ਰੋਧਕ ਐਮ. ਤਪਦਿਕ ਦੋਹਾਂ ਲਈ ਇੱਕ ਸੰਭਾਵਿਤ ਦਵਾਈ ਲਈ ਵੀ ਜਾਂਚ ਕੀਤੀ ਗਈ ਹੈ।

**ਐਂਟੀ-ਇਨਫ਼ਲਾਮੇਟਰੀ ਵਿਸ਼ੇਸ਼ਤਾਵਾਂ:**

ਥਾਈਮੋਕੁਇਨੋਨ ਦੀ ਵਧੀਆ ਐਂਟੀ-ਇਨਫ਼ਲਾਮੇਟਰੀ ਗਤੀਵਿਧੀ ਅਤੇ ਵੱਖ-ਵੱਖ ਥਾਵਾਂ ਨੂੰ ਟੀਚਾ ਬਣਾਉਣ ਵਜੋਂ ਪਛਾਣ ਕੀਤੀ ਗਈ ਹੈ। ਇਸ ਨੂੰ ਟਿਊਮਰ ਨੈਕਰੋਸਿਸ ਫ਼ੈਕਟਰ (ਟੀਐਨਐਫ਼), ਇਨਡਿਉਸਿਬਲ ਐਨਓਐਸ, ਸੀਓਐਕਸ-2, 5-ਲਿਪੋਕਸੀਜੀਨੇਜ਼, ਅਤੇ ਸਾਈਕਲਿਨ ਡੀ1 ਵਰਗੇ ਪ੍ਰੋ-ਇਨਫ਼ਲੇਮੇਟਰੀ ਅਤੇ ਪ੍ਰੋਲਿਫ਼ਰੇਟਿਵ ਦੀ ਸਮੀਕਰਣ ਨੂੰ ਡਾਊਨਰੈਗੂਲੇਟ ਕਰਨ ਵਜੋਂ ਦਰਸਾਇਆ ਗਿਆ ਹੈ। ਇਸ ਨੇ ਟ੍ਰਾਂਸਕ੍ਰਿਪਸ਼ਨ ਫ਼ੈਕਟਰ ਨਿਊਕਲੀਅਰ ਫ਼ੈਕਟਰ ਕਾਪਾ ਬੀ (ਐਨਐਫ਼-ਕੇਬੀ), ਏਕੇਟੀ, ਅਤੇ ਐਕਸਟ੍ਰਾਸੈਲੂਲਰ ਸਿਗਨਲ-ਰੈਗੂਲੇਟਿਡ ਕਿਨੇਜ਼ (ਈਆਰਕੇ) ਸਿਗਨਲਿੰਗ ਦੇ ਰਸਤਿਆਂ ਦੀ ਐਕਟੀਵੇਸ਼ਨ ਦੇ ਰੋਕਣ ਨੂੰ ਵੀ ਦਰਸਾਇਆ ਹੈ। ਐਨਐਫ਼-ਕੇਬੀ ਦੀ ਸਕ੍ਰਿਅਤਾ ਦਾ ਦਬਾਉਣਾ ਥਾਈਮੋਕੁਇਨੋਨ ਨੂੰ ਸੋਜ਼ਸ਼, ਪ੍ਰਸਾਰ, ਹਮਲਾ, ਟਿਊਮਰ ਸੈਲ ਦੇ ਬਚਾਅ ਅਤੇ ਐਂਜਿਓਜਿਨੇਸਿਸ ਦਾ ਇੱਕ ਸੰਭਾਵਿਤ ਪ੍ਰਭਾਵਕਾਰੀ ਰੋਧਕ ਬਣਾਉਂਦਾ ਹੈ।

**ਐਂਟੀਆਕਸੀਡੈਂਟ ਵਿਸ਼ੇਸ਼ਤਾਵਾਂ:**

ਥਾਈਮੋਕੁਇਨੋਨ ਦੇ ਸਫ਼ਾਈ ਐਨਾਇਨ ਅਤੇ ਆਰਓਐਸ (ਰਿਐਕਟਿਵ ਆਕਸੀਜ਼ਨ ਸਪੀਸੀਜ਼) ਰਾਹੀਂ ਅਸਰਦਾਰ ਐਂਟੀਆਕਸੀਡੈਂਟ ਵਜੋਂ ਕੰਮ ਕਰਨ ਨੂੰ ਦਰਸਾਇਆ ਹੈ। ਇਹ ਇਸਕੀਮਿਕ ਰੀਪਰਫ਼ਿਊਜ਼ਨ ਚੋਟ ਦੀਆਂ ਹਾਲਤਾਂ ਵਿੱਚ ਸੁਧਾਰ ਕਰ ਸਕਦਾ ਹੈ ਅਤੇ ਆਂਤੜੀ, ਦਿਲ ਅਤੇ ਗੁਰਦੇ ਵਿੱਚ ਆਰਓਐਸ ਨੂੰ ਘਟਾ ਸਕਦਾ ਹੈ। ਇਹ ਆਕਸੀਡੇਟਿਵ ਤਣਾਅ ਮਾਡਲਾਂ ਵਿੱਚ ਕਈ ਅੰਗਾਂ ਦੇ ਵਿਸ਼ੈਲਾਪਣ ਨੂੰ ਸੁਧਾਰ ਵੀ ਸਕਦਾ ਹੈ। ਇਹ ਬਹੁਤ ਸਾਰੇ ਐਂਜ਼ਾਇਮਾਂ ਦੀ ਗਤੀਵਿਧੀ ਨੂੰ ਪ੍ਰਭਾਵਿਤ ਕਰਦਾ ਹੈ ਜੋ ਸੈਲ ਦੇ ਐਂਟੀਆਕਸੀਡੈਂਟ ਸਿਸਟਮ ਵਿੱਚ ਸ਼ਾਮਲ ਮੁਕਤ ਰੈਡੀਕਲਾਂ ਨੂੰ ਸੁਰੱਖਿਅਤ ਕਰਦਾ ਹੈ। ਸਬੂਤ ਪੱਖੋਂ, ਥਾਈਮੋਕੁਇਨੋਨ ਘੱਟ ਮੈਲੋਂਡੀਅਲਡੀਹਾਇਡ (ਐਮਡੀਏ) ਰਾਹੀਂ ਦਰਸਾਏ ਲਿਪਿਡ ਪਿਰੋਕਸੀਡੇਸ਼ਨ (ਐਲਪੀਓ) ਦੇ ਵਧੇ ਲੈਵਲ ਨੂੰ ਘਟਾਉਂਦਾ ਹੈ ਜਿਸ ਨੂੰ ਇਸ ਦੀ ਸ਼ਕਤੀਸ਼ਾਲੀ ਐਂਟੀਆਕਸੀਟੈਂਟ ਸੰਭਾਵਨਾ ਵਜੋਂ ਪਛਾਣਿਆ ਜਾ ਸਕਦਾ ਹੈ। ਥਾਈਮੋਕੁਇਨੋਨ ਦੀਆਂ ਕੁਇਨੋਨ ਬਣਤਰ ਵਿੱਚ ਰੀਡੌਕਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਹੜੀਆਂ ਇਸ ਦੇ ਐਂਟੀਆਕਸੀਡੈਂਟ ਪ੍ਰਭਾਵ ਨਾਲ ਜੁੜੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ, ਇਸ ਦੀ ਮੌਰਫ਼ੋਫ਼ਿਜ਼ੀਓਲਾਜੀਕਲ ਰੁਕਾਵਟਾਂ ਨੂੰ ਪਾਰ ਕਰਨ ਵਾਲੀ ਵੱਡੀ ਯੋਗਤਾ ਸਬਸੈਲੂਲਰ ਕੰਪਾਰਟਮੈਂਟਾਂ ਤੱਕ ਇਸ ਦੀ ਆਸਾਨ ਪਹੁੰਚ ਦੀ ਅਗਵਾਈ ਕਰਦੀ ਹੈ ਅਤੇ ਰੈਡੀਕਲ ਸਫ਼ਾਈ ਦੇ ਪ੍ਰਭਾਵ ਨੂੰ ਸੁਵਿਧਾ ਪ੍ਰਦਾਨ ਕਰਦੀ ਹੈ।

Front Side

**ਐਂਟੀਡਾਇਬਟਿਕ ਵਿਸ਼ੇਸ਼ਤਾਵਾਂ:**

ਥਾਈਮੋਕੁਇਨੋਨ ਆਕਸੀਡੇਟਿਵ ਤਣਾਅ ਕਾਰਣ ਖ਼ਰਾਬੀ ਤੋਂ ਪੈਨਕ੍ਰੀਐਸ ਦੇ ਬੀਟਾ-ਸੈਲਾਂ ਨੂੰ ਬਚਾਉਣ ਵਿੱਚ ਪੂਰੀ ਤਰ੍ਹਾਂ ਪ੍ਰਭਾਵਕਾਰੀ ਹੈ ਅਤੇ ਇਹ ਜਿਗਰ ਦੇ ਗਲੂਕੋਨਿਓਜੈਨੇਸਿਸ ਨੂੰ ਘਟਾਉਂਦਾ ਹੈ। ਇਹ ਇੰਸੂਲਿਨ ਰਜਿਸਟੈਂਸ, ਪ੍ਰੋਟੀਨ ਗਲਾਈਕੇਸ਼ਨ, ਅਤੇ ਡਾਇਬਟਿਕ ਨੈਫਰੋਪੈਥੀ ਦੀ ਰੋਕਥਾਮ ਕਰਦਾ ਹੈ ਅਤੇ ਇਸ ਦੀਆਂ ਹੋਰ ਬਹੁਤ ਸਾਰੀਆਂ ਐਂਟੀਡਾਇਬਟਿਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਥਾਈਮੋਕੁਇਨੋਨ ਦੀਆਂ ਐਂਟੀਆਕਸੀਡੈਂਟ, ਸਾਇਟੋਪ੍ਰੋਟੈਕਟਿਵ ਅਤੇ ਇਮਿਊਨੋਮਾਡੂਲੇਟਿੰਗ ਕਿਰਿਆਵਾਂ ਸ਼ੂਗਰ ਅਤੇ ਇਸ ਨਾਲ ਹੋਣ ਵਾਲੇ ਰੋਗਾਂ ਦਾ ਇਲਾਜ਼ ਕਰਨ ਵਿੱਚ ਫ਼ਾਰਮਾਕੋਲੌਜ਼ੀਕਲ ਸੰਬੰਧਿਤ ਹੋ ਸਕਦੀਆਂ ਹਨ।

**ਐਂਟੀਕੈਂਸਰ ਵਿਸ਼ੇਸ਼ਤਾਵਾਂ:**

ਥਾਈਮੋਕੁਇਨੋਨ ਪੀਟੀਈਐਨ (ਫ਼ਾਸਫ਼ੇਟੇਜ਼ ਅਤੇ ਟੈਂਸ਼ਨ ਹਾਰਮੋਲੋਗ) ਜੀਨ ਅਤੇ ਸਾਈਕਲਿਨ-ਨਿਰਭਰ ਕਿਨੇਜ਼ ਰੋਧਕ ਦੀ ਅਪਰੈਗੂਲੇਸ਼ਨ ਰਾਹੀਂ ਕੈਂਸਰ ਦੇ ਸੈਲਾਂ ਵਿੱਚ ਸੈਲ ਸਾਈਕਲ ਅਰੈਸਟ ਦੇ ਨਾਲ ਨਾਲ ਐਪਪਟੋਸਿਸ ਦੀ ਸ਼ੁਰੂਆਤ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨੂੰ ਦਰਸਾਉਂਦਾ ਹੈ। ਕੈਂਸਰ ਦੇ ਬਹੁਤ ਸਾਰੇ ਸੈਲਾਂ ਅਤੇ ਕੈਂਸਰ ਦੇ ਵਾਧੇ ਦੀ ਰੋਕ ਲਈ ਥਾਈਮੋਕੁਇਨੋਨ ਦਾ ਇੱਕ ਨੋਵਲ ਆਣਵਿਕ ਟੀਚਾ ਪ੍ਰੋਟੀਨ ਕਿਨੇਜ਼, ਐਨਐਫ਼-ਕੀਬੀ, ਐਂਜੀਓਜੈਨੇਸਿਸ ਅਤੇ ਟਿਉਮਰੀਜੈਨੇਸਿਸ ਦੀ ਮਾਡੂਲੇਸ਼ਨ ਹੁੰਦੀ ਹੈ। ਜਾਨਵਰ ਮਾਡਲ ਅਤੇ ਲੈਬਾਰਟਰੀ ਖ਼ੋਜ਼ 'ਤੇ ਆਧਾਰਿਤ ਬਹੁਤ ਸਾਰੇ ਅਧਿਐਨ ਕੈਂਸਰ ਦੀ ਰੋਕਥਾਮ ਵਿੱਚ ਥਾਈਮੋਕੁਇਨੋਨ ਦੀ ਸੰਭਾਵਨਾ ਦਾ ਮੁਲਾਂਕਣ ਕਰਨ ਲਈ ਕੀਤੇ ਗਏ ਹਨ।

**ਹੈਪਾਟੋਪ੍ਰੋਟੈਕਟਿਵ ਵਿਸ਼ੇਸ਼ਤਾਵਾਂ:**

ਥਾਈਮੋਕੁਇਨੋਨ ਦੀ ਹੈਪਾਟੋਪ੍ਰੋਟੈਕਟਿਵ ਗਤੀਵਿਧੀ ਦਾ ਗੂੜ੍ਹ ਅਧਿਐਨ ਕੀਤਾ ਗਿਆ ਹੈ। ਇਸ ਨੂੰ ਪ੍ਰਯੋਗਾਤਮਿਕ ਜਾਨਵਰ ਮਾਡਲਾਂ ਵਿੱਚ ਹੈਪਾਟੋਟੌਕਸੀਸਿਟੀ ਅਤੇ ਜਿਗਰ ਦੇ ਰੋਗਾਂ ਲਈ ਇੱਕ ਸ਼ਾਨਦਾਰ ਪ੍ਰਕਿਰਤਿਕ ਏਜੰਟ ਵਜੋਂ ਪਛਾਣਿਆ ਗਿਆ ਹੈ। ਥਾਈਮੋਕੁਇਨੋਨ ਦੀ ਐਂਟੀਆਕਸੀਡੈਂਟ ਸਮਰਥਾ ਨੂੰ ਹੈਪਾਟੋਪ੍ਰੋਟੈਕਸ਼ਨ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਣ ਲਈ ਦੇਖਿਆ ਗਿਆ ਸੀ। ਇਸ ਲਈ, ਥਾਈਮੋਕੁਇਨੋਨ ਨੂੰ ਜਿਗਰ ਨੂੰ ਬਹੁਤ ਸਾਰੇ ਵਿਸ਼ੈਲੇ ਏਜੰਟਾਂ ਅਤੇ ਦਵਾਈਆਂ ਤੋਂ ਸੁਰੱਖਿਅਤ ਕਰਨ ਲਈ ਇੱਕ ਸੰਭਾਵਿਤ ਕੁਦਰਤੀ ਇਲਾਜ ਅਤੇ ਜਿਗਰ ਦੇ ਰੋਗਾਂ ਦੇ ਇਲਾਜ ਲਈ ਜਾਣਿਆ ਜਾਂਦਾ ਹੈ।

**ਥਾਈਮੋਟਸ ਦੀ ਖ਼ੁਰਾਕ:**

ਥਾਈਮੋਟਸ ਦੀ ਪ੍ਰਸਤਾਵਿਤ ਖ਼ੁਰਾਕ ਇਸ ਪ੍ਰਕਾਰ ਹੈ:

- ਇੱਕ ਇਮਿਊਨ ਬੂਸਟਰ ਵਜੋਂ: 12.5 ਮਿ.ਗ੍ਰਾ. ਪ੍ਰਤੀ ਦਿਨ
- ਸੰਕ੍ਰਮਣ ਦੇ ਇਲਾਜ ਲਈ ਸਹਾਇਕ ਵਜੋਂ: ਸੰਕ੍ਰਮਣ ਦੀ ਗੰਭੀਰਤਾ ਜਾਂ ਡਾਕਟਰ ਦੇ ਸੁਝਾਅ ਅਨੁਸਾਰ ਪ੍ਰਤੀ ਦਿਨ 50 ਮਿ.ਗ੍ਰਾ.
- ਭੋਜਨ ਤੋਂ ਬਾਅਦ ਲਏ ਜਾਣ ਵਾਲੀਆਂ ਗੋਲੀਆਂ
- ਸਾਬੁਤ ਲੰਘਾਉਣ ਲਈ ਅਤੇ ਚਬਾਉਣ ਜਾਂ ਪੀਸਣ ਲਈ ਨਹੀਂ

**ਸਾਵਧਾਨੀਆਂ:**

ਗਰਭਵਤੀ ਅਤੇ ਸਤਨਪਾਨ ਕਰਾਉਣ ਵਾਲੀਆਂ ਔਰਤਾਂ ਵਿੱਚ ਇਸ ਦੀ ਵਰਤੋਂ ਨਾ ਕਰਨ ਦਾ ਸੁਝਾਅ ਦਿੱਤਾ ਜਾਂਦਾ ਹੈ। ਬਾਲ ਜਨਸੰਖਿਆ ਵਿੱਚ ਇਸ ਦੀ ਪ੍ਰਭਾਵਿਕਤਾ ਅਤੇ ਸੁਰੱਖਿਆ ਦਾ ਅਧਿਐਨ ਨਹੀਂ ਕੀਤਾ ਗਿਆ ਹੈ।

**ਬਚਾਅ:**

ਥਾਈਮੋਕੁਇਨੋਨ ਦਾ ਵਿਗਿਆਨਕ ਮੁੱਲ ਸਦੀਆਂ ਪਹਿਲਾਂ ਸਥਾਪਿਤ ਕੀਤਾ ਗਿਆ ਹੈ ਅਤੇ ਇਸ ਨੂੰ ਇਸ ਦੇ ਅੰਦਰੂਨੀ ਬਚਾਅ ਨੂੰ ਦਰਸਾਉਣ ਵਾਲੇ ਬਹੁਤ ਸਾਰੇ ਪ੍ਰਕਾਸ਼ਨਾਂ ਵਿੱਚ ਸਿੱਧ ਕੀਤਾ ਗਿਆ ਹੈ। ਸਿਹਤਮੰਦ ਮਰੀਜ਼ਾਂ ਵਿੱਚ ਸਾਈਮੋਟਸ ਦੀ 1000 ਮਿ.ਗ੍ਰਾ. ਦੀ ਇਕੱਲੀ ਖ਼ੁਰਾਕ ਨੂੰ ਸੁਰੱਖਿਅਤ ਰੂਪ ਵਿੱਚ ਦਿੱਤਾ ਜਾ ਸਕਦਾ ਹੈ। ਸ਼ੂਗਰ ਦੇ ਮਰੀਜ਼ਾਂ ਨੂੰ ਵੀ ਤਿੰਨ ਮਹੀਨੇ ਤੱਕ ਰੋਜ਼ 100 ਮਿ.ਗ੍ਰਾ. ਦੀ ਖ਼ੁਰਾਕ ਸੁਰੱਖਿਅਤ ਰੂਪ ਵਿੱਚ ਦਿੱਤੀ ਗਈ ਹੈ। ਥਾਈਮੋਕੁਇਨੋਨ ਨਾਲ ਪੇਟ ਦਰਦ, ਦਸਤ ਆਦਿ ਹੋ ਸਕਦੇ ਹਨ ਜਿਹੜੇ ਕਿ ਆਮ ਤੌਰ 'ਤੇ ਪ੍ਰਕਿਰਤੀ ਵਿੱਚ ਹਲਕੇ ਅਤੇ ਅਸਥਾਈ ਹੋ ਸਕਦੇ ਹਨ।

**ਸਟੋਰੇਜ਼:**

250 ਸੈਂਟੀਗ੍ਰੇਡ ਤੋਂ ਘੱਟ 'ਤੇ ਸਟੋਰ ਕਰੋ।

**ਪੇਸ਼ਕਾਰੀ:**

ਥਾਈਮੋਟਸ 12.5 ਮਿ.ਗ੍ਰਾ. 30 ਗੋਲੀਆਂ ਦੀ ਇੱਕ ਬੋਤਲ ਵਿੱਚ ਉਪਲਬਧ ਹੈ।

Manufactured by:

INTAS

***INTAS PHARMACEUTICALS LTD.***

Plot No. 457, 458, Sarkhej - Bavla Road, Vill: Matoda,
Ta: Sanand, Dist: Ahmedabad-382 210. India
Customer Care: +91 079 6157 7000
Email: thymotas@intaspharma.com

INP011
10 4807 0 6005082

Back Side